# ਦਫਤਰ ਨਗਰ ਨਿਗਮ ਹੁਸ਼ਿਆਰਪੁਰ

# ਪ੍ਰੈਸ ਨੋਟ

ਹੁਸ਼ਿਆਰਪੁਰ 20 ਸਤੰਬਰ ਨਗਰ ਨਿਗਮ ਵੱਲੋਂ ਸ਼ਹਿਰ ਨੂੰ ਹਰਾ ਭਰਾ ਬਣਾਉਣ ਲਈ ਕੌਂਸਲਰਾਂ ਰਾਂਹੀ ਵੱਖ ਵੱਖ ਵਾਰਡਾਂ ਵਿੱਚ ਪੋਧੇ ਲਗਾਉਣ ਦੀ ਮੁਹਿੰਮ ਤਹਿਤ ਮੁੱਖ ਮੰਤਰੀ ਪੰਜਾਬ ਦੇ ਰਾਜਨੀਤਿਕ ਸਲਾਹਕਾਰ ਤਿਕਸ਼ਨ ਸੂਦ ਨੇ ਵਾਰਡ ਨੰਬਰ 13 ਦੇ ਰੰਬਾ ਸੇਠੀ ਮਾਰਗ ਤੇ ਪੋਧੇ ਲਗਾਉਣ ਦੀ ਸ਼ੁਰੂਆਤ ਕੀਤੀ।ਇਸ ਮੋਕੇ ਤੇ ਮੇਅਰ ਸ਼ਿਵ ਸੂਦ ਕੌਂਸਲਰ ਮੀਨੂੰ ਸੇਠੀ, ਵਿਜੇ ਪਠਾਨੀਆਂ ,ਮੰਡਲ ਪ੍ਰਧਾਨ ਵਿਨੋਦ ਪਰਮਾਰ, ਕੌਂਸਲਰ ਨਿਪੁੰਨ ਸ਼ਰਮਾ, ਬਲਵਿੰਦਰ ਬਿੰਦੀ ਅਤੇ ਮੁਹੱਲਾ ਨਿਵਾਸੀਆਂ ਨੇ ਵੀ ਇਸ ਮੋਕੇ ਤੇ ਪੋਧੇ ਲਗਾਏ।ਇਸ ਮੋਕੇ ਤੇ ਮੁਹੱਲਾ ਵਾਸੀਆਂ ਵੱਲੋਂ ਆਯੋਜਿਤ ਸਮਾਗਮ ਨੂੰ ਸਬੋਧਨ ਕਰਦਿਆਂ ਸ਼੍ਰੀ ਤਿਕਸ਼ਨ ਸੂਦ ਨੇ ਕਿਹਾ ਕਿ ਸ਼ਹਿਰ ਨੂੰ ਹਰਾ ਭਰਾ ਬਣਾਉਣ ਅਤੇ ਪ੍ਰਦੁਸ਼ਨ ਮੁਕਤ ਕਰਨ ਲਈ ਕੌਂਸਲਰਾਂ ਵੱਲੋਂ ਪੋਧੇ ਲਗਾਉਣ ਦੀ ਜ਼ੋ ਮੁਹਿੰਮ ਸ਼ੁਰੂ ਕੀਤੀ ਗਈ ਹੈ ਉਹ ਬਹੁਤ ਹੀ ਸ਼ਲਾਘਾਯੋਗ ਹੈ। ਉਹਨ੍ਹਾਂ ਨੇ ਕਿਹਾ ਕਿ ਲੋਕਾਂ ਨੂੰ ਆਪਣੇ ਹਰ ਖੁਸ਼ੀ ਦੇ ਮੋਕੇ ਪੋਧੇ ਲਗਾ ਕੇ ਮਨਾਉਣੇ ਚਾਹੀਦੇ ਹਨ। ਉਹਨ੍ਹਾਂ ਦਸਿੱਆ ਕਿ ਉਹ ਆਪਣਾ ਹਰ ਜਨਮ ਦਿਨ ਪੋਧੇ ਲਗਾ ਕੇ ਮਣਾਉਦੇ ਹਨ ਅਤੇ ਇਸ ਵਾਰ ਵੀ ਆਪਣਾ ਜਨਮ ਦਿਨ ਪੋਧੇ ਲਗਾ ਕੇ ਹੀ ਮਨਾਇਆ ਹੈ।ਤਿਕਸ਼ਨ ਸੂਦ ਨੇ ਦਸਿੱਆ ਕਿ ਇਸ ਵਾਰਡ ਦੇ ਪਹਿਲੇ ਕੌਂਸਲਰ ਸ਼੍ਰੀਮਤੀ ਰੰਬਾਂ ਸੇਠੀ ਨੇ ਇਸ ਵਾਰਡ ਦੇ ਸਰਵ-ਪੱਖੀ ਵਿਕਾਸ ਵਿੱਚ ਵਿਸ਼ੇਸ਼ ਯੋਗਦਾਨ ਪਾਇਆ ਹੈ ਅਤੇ ਹੁਣ ਕੋਸਲਰ ਮੀਨੂੰ ਸੇਠੀ ਵੱਲੋਂ ਵੀ ਇਸ ਵਾਰਡ ਦੇ ਸਰਵ ਪੱਖੀ ਵਿਕਾਸ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ ਜ਼ੋ ਕਿ ਬਹੁਤ ਹੀ ਸਲਾਘਾਯੋਗ ਹੈ।

ਨਗਰ ਨਿਗਮ ਦੇ ਮੇਅਰ ਸ਼ਿਵ ਸੂਦ, ਉਪ ਚੇਅਰਮੈਨ ਮਾਰਕੀਟ ਕਮੇਟੀ ਵਿਜੇ ਪਠਾਨੀਆਂ ਨੇ ਵੀ ਇਸ ਮੋਕੇ ਤੇ ਆਪਣੇ ਵਿਚਾਰ ਪ੍ਰਗਟ ਕੀਤੇ। ਪ੍ਰੋ: ਪ੍ਰਸ਼ਾਤ ਸੇਠੀ ਨੇ ਆਏ ਹੋਏ ਪੰਤਵਤਿਆਂ ਦਾ ਧੰਨਵਾਦ ਕੀਤਾ।ਇਸ ਮੋਕੇ ਤੇ ਮੁਹੱਲਾ ਵਾਸੀਆਂ ਨੇ ਤਿਕਸ਼ਨ ਸੂਦ ਨੂੰ ਜਨਮਦਿਨ ਦੀ ਮੁਬਾਰਕਬਾਦ ਦਿੰਦਿਆਂ ਉਹਨ੍ਹਾਂ ਦਾ ਅਤੇ ਆਏ ਪੰਤਵਤਿਆਂ ਦਾ ਸਨਮਾਨ ਵੀ ਕੀਤਾ।ਇੰਦਰਪਾਲ ਸਿੰਘ, ਅਮਰਜੀਤ ਲਾਡੀ, ਰਾਮਦੇਵ ਯਾਦਵ, ਸੁਰਜੀਤ ਸਿੰਘ, ਅਸ਼ੋਕ ਕੁਮਾਰ, ਹਰਦਿਆਲ ਸਿੰਘ ਭੱਟੀ, ਸੀਆ ਰਾਮ ਦੱਤਾ, ਪਰਮਜੀਤ ਕੋਰ ਗਿੱਲ, ਹਰਜਿੰਦਰ ਕੋਰ, ਕੁਲਵੰਤ ਕੋਰ, ਕਮਲਜੀਤ ਕੋਰ, ਸੰਤੋਸ਼ ਵੈਦ, ਇਕਬਾਲਪ੍ਰੀਤ ਸਿੰਘ ਗਿੱਲ, ਕਲਿਆਨ ਜੀ, ਪ੍ਰੋ: ਵਿਜੇ, ਕਿਰਨ ਸੈਣੀ, ਪਲਵਿੰਦਰ, ਨਿਰਮਲਾ, ਤ੍ਰਿਪਤਾ, ਕੁਲਵਿੰਦਰ, ਨੀਲਮ, ਸਤਿਆ, ਇੰਦੂ, ਵਿਨੋਦ, ਵਿਜੇ , ਬਿਮਲਾ, ਮਨਦੀਪ, ਰਜੇਸ਼ ਸ਼ਰਮਾ, ਅਨੁਜ਼, ਚੰਚਲਾ ਦੇਵੀ ਅਤੇ ਮੁਹੱਲਾ ਨਿਵਾਸੀ ਵੱਡੀ ਗਿਣਤੀ ਵਿਚ ਇਸ ਮੋਕੇ ਤੇ ਹਾਜਰ ਸਨ।